SCHOOL DISTRICT LETTERHEAD

HUMAN EARLY LEARNING PARTNERSHIP

**Human Early Learning Partnership**
*University of British Columbia*

440–2206 East Mall Vancouver
BC Canada V6T 1Z3
www.earlylearning.ubc.ca

# ਅਰਲੀ ਚਾਇਲਡ ਡਿਵੈੱਲਪਮੈਂਟ ਪ੍ਰੋਗਰਾਮ ਆਫ ਰਿਸਰਚ: ਅਰਲੀ ਡਿਵੈੱਲਪਮੈਂਟ ਇੰਸਟ੍ਰਮੈਂਟ

## ਮਾਤਾ-ਪਿਤਾ/ਸਰਪਰਸਤ ਲਈ ਜਾਣਕਾਰੀ ਪੱਤਰ

| | |
|---|---|
| **ਮੁੱਖ ਖੋਜਕਾਰ:** | ਕਿੰਬਰਲੇ ਸ਼ੋਨਰਟ-ਰੇਚਲ, ਪੀ ਐੱਚ. ਡੀ. , ਡਾਇਰੈਕਟਰ, ਹਿਊਮਨ ਅਰਲੀ ਲਰਨਿੰਗ ਪਾਰਟਨਰਸ਼ਿਪ (ਟੈਲੀਫੋਨ: 604-822-1879) |
| **ਪ੍ਰੋਜੈਕਟ ਦਫਤਰ:** | 604-822-1278 (ਵੈਨਕੂਵਰ 'ਚ ਯੂ.ਬੀ.ਸੀ. 'ਚ) 1-888-908-4050 |
| **ਪ੍ਰੋਜੈਕਟ ਸਹਾਇਕ:** | ਮਿਲਨੀ ਹਿਨਜ਼, EDI ਇੰਪਲੀਮੈਂਟ ਲੀਡ (ਟੈਲੀਫੋਨ: 604-827-3512) |
| **ਮਿਤੀ:** | October 2, 2017 |

ਪਿਆਰੇ ਮਾਤਾ-ਪਿਤਾ/ਸਰਪਰਸਤ ਜੀਓ,

ਕਿਰਪਾ ਕਰਕੇ ਹੇਠ ਦਿੱਤਾ ਗਿਆ ਫਾਰਮ ਧਿਆਨ ਨਾਲ ਪੜ੍ਹੋ। ਇਸ ਪੱਤਰ 'ਚ ਤੁਹਾਡੇ ਸਕੂਲ ਅਤੇ ਸੰਪੂਰਨ ਬੀ.ਸੀ. ਦੇ ਸਾਰੇ ਸਕੂਲ ਡਿਸਟ੍ਰਿਕਟਾਂ 'ਚ ਇੱਕ ਪ੍ਰੋਜੈਕਟ ਬਾਰੇ ਜਾਣਕਾਰੀ ਸ਼ਾਮਲ ਹੈ। ਇਹ ਪ੍ਰੋਜੈਕਟ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ.ਬੀ.ਸੀ.) 'ਚ ਹਿਊਮਨ ਅਰਲੀ ਲਰਨਿੰਗ ਪਾਰਟਨਰਸ਼ਿਪ (ਐੱਚ.ਈ.ਐੱਲ.ਪੀ.) ਦੁਆਰਾ ਚਲਾਇਆ ਜਾ ਰਿਹਾ ਹੈ।

## ਪ੍ਰੋਜੈਕਟ ਦੀ ਪਿੱਠਭੂਮੀ ਅਤੇ ਉਦੇਸ਼

ਕਿੰਡਰਗਾਰਟਨ ਸ਼ੁਰੂ ਕਰਦੇ ਹੀ ਸਕੂਲ 'ਚ ਦਾਖਲੇ ਲਈ ਤਿਆਰ ਬੱਚਿਆਂ ਦੀ ਹਰ ਗ੍ਰੇਡ 'ਚ ਚੰਗਾ ਪਰਦਰਸ਼ਨ ਅਤੇ ਹਾਈ ਸਕੂਲ ਪੂਰਾ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਸਕੂਲ 'ਚ ਦਾਖਲੇ ਲਈ ਤਿਆਰ ਹੋਣਾ ‘‘A,B,C ਅਤੇ 1,2,3’’ ਜਾਣਨ ਤੋਂ ਕੁਝ ਜ਼ਿਆਦਾ ਹੁੰਦਾ ਹੈ, ਇਸ 'ਚ ਸਮਾਜਕ ਅਤੇ ਭਾਵਾਤਮਕ ਸਿਆਣਪ, ਚੰਗੀ ਸਰੀਰਕ ਸਿਹਤ ਅਤੇ ਹੋਰ ਬਹੁਤ ਕੁਝ ਵੀ ਸ਼ਾਮਲ ਹੁੰਦਾ ਹੈ। ਕਿੰਡਰਗਾਰਟਨ ਦੇ ਸਿੱਖਿਅਕਾਂ ਅਤੇ ਪ੍ਰਿੰਸੀਪਲਾਂ ਦੀ ਮਦਦ ਨਾਲ, ਕੈਨੇਡਾ ਦੇ ਸ਼ੋਧਕਰਤਾਵਾਂ ਨੇ ਬੱਚਿਆਂ ਦੁਆਰਾ ਸਕੂਲ ਸ਼ੁਰੂ ਕਰਨ 'ਤੇ ਉਨ੍ਹਾਂ ਦੇ ਵਿਕਾਸ ਬਾਰੇ ਹੋਰ ਜਾਣਨ 'ਚ ਆਪਣੀ ਮਦਦ ਕਰਨ ਲਈ ਅਰਲੀ ਡਿਵੈੱਲਪਮੈਂਟ ਇੰਸਟ੍ਰਮੈਂਟ (ਜਿਸਨੂੰ ਈ.ਡੀ.ਆਈ. ਵੀ ਕਿਹਾ ਜਾਂਦਾ ਹੈ) ਨਾਂ ਦਾ ਇੱਕ ਸਵਾਲਨਾਮਾ ਤਿਆਰ ਕੀਤਾ ਹੈ। ਬ੍ਰਿਟਿਸ਼ ਕੋਲੰਬੀਆ ਸਮੇਤ, ਕੈਨੇਡਾ ਦੇ ਕਈ ਪਰਾਂਤਾਂ 'ਚ ਈ.ਡੀ.ਆਈ. ਨੂੰ **1999** ਤੋਂ ਲੈਕੇ ਵਰਤਿਆ ਜਾਂਦਾ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਦੀਆਂ ਮਿਨਿਸਟ੍ਰੀ ਆਫ ਚਿਲਡ੍ਰਨ ਐਂਡ ਫੈਮਿਲੀ ਡਿਵੈੱਲਪਮੈਂਟ, ਐਜੂਕੇਸ਼ਨ, ਅਤੇ ਹੈਲਥ  ਇਸ ਕੰਮ ਲਈ ਪੂੰਜੀ ਮੁਹੱਈਆ ਕਰਦੀਆਂ ਹਨ।

ਬ੍ਰਿਟਿਸ਼ ਕੋਲੰਬੀਆ ਦੇ ਸਕੂਲ ਡਿਸਟ੍ਰਿੱਕਟ ਯੂ.ਬੀ.ਸੀ. 'ਚ ਐੱਚ.ਈ.ਐੱਲ.ਪੀ. ਨਾਲ ਰੱਲ ਕੇ   ਫਰਵਰੀ 'ਚ ਈ.ਡੀ.ਆਈ. ਦੀ ਵਰਤੋਂ ਰਾਹੀਂ ਇੱਕ ਅਧਿਐਨ ਕਰ ਰਹੇ ਹਨ। ਇਸ ਅਧਿਐਨ ਦੇ ਨਤੀਜੇ ਇੱਕ ਬੇਹਤਰ ਢੰਗ ਨਾਲ ਇਹ ਸਮਝਣ 'ਚ ਤੁਹਾਡੇ ਬੱਚੇ ਦੇ ਸਕੂਲ, ਸਕੂਲ ਡਿਸਟ੍ਰਿੱਕਟ, ਅਤੇ ਸਮੁਦਾਯ ਦੀ ਮਦਦ ਕਰਨਗੇ ਕਿ ਇਹ ਯਕੀਨੀ ਕਰਨ ਲਈ ਤੁਹਾਡੇ ਸਮੁਦਾਯ 'ਚ ਕੀ ਕਰਨ ਦੀ ਲੋੜ ਹੈ ਕਿ ਸਭ ਬੱਚੇ ਸਕੂਲ 'ਚ ਦਾਖਲੇ ਲਈ ਤਿਆਰ ਹੋਣ। ਇਹ ਕੰਮ ਸੂਬਾਈ ਪ੍ਰੋਗਰਾਮ ਦੇ ਮੁਲਾਂਕਣ ਵਿੱਚ ਸਹਾਇਤਾ ਵੀ ਕਰੇਗਾ ਅਤੇ ਪ੍ਰਾਂਤਕੀ ਪੱਧਰ ’ਤੇ ਨੀਤੀ ਦੇ ਵਿਕਾਸ ਵਾਸਤੇ ਜਾਣਕਾਰੀ ਪ੍ਰਦਾਨ ਕਰੇਗਾ।  ਅਸੀਂ ਮਾਪਿਆਂ ਅਤੇ ਸਰਪ੍ਰਸਤਾਂ ਨੂੰ ਇਸ ਅਧਿਐਨ ਬਾਰੇ ਹੋਰ ਜਾਣਕਾਰੀ ਦੇਣ ਲਈ ਇਹ ਪੱਤਰ ਲਿੱਖ ਰਹੇ ਹਾਂ।

ਤੁਸੀਂ ਹੇਠਲੀ ਵੈਬਸਾਈਟ ਤੇ ਈ.ਡੀ.ਆਈ. ਸਵਾਲਨਾਮਾ ਵੇਖ ਸਕਦੇ ਹੋ ਅਤੇ ਈ.ਡੀ.ਆਈ. ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ: www.earlylearning.ubc.ca/ediparent

## ਮੇਰੇ ਬੱਚੇ ਦੁਆਰਾ ਹਿੱਸਾ ਲੈਣਾ

ਤੁਹਾਡਾ ਸਕੂਲ ਡਿਸਟ੍ਰਿਕਟ ਤੁਹਾਡੇ ਬੱਚੇ ਦੇ ਕਿੰਡਰਗਾਰਟਨ ਟੀਚਰ ਦੁਆਰਾ ਤੁਹਾਡੇ ਬੱਚੇ ਦੇ ਵਿਕਾਸ ਬਾਰੇ ਕੁਝ ਈ.ਡੀ.ਆਈ. ਸਵਾਲਾਂ ਦੇ ਜਵਾਬ ਭਰਨ ਦਾ ਪ੍ਰਬੰਧ ਕਰੇਗਾ। ਇਸ ਸਵਾਲਨਾਮੇ ਨੂੰ ਭਰਨ ਲਈ ਟੀਚਰਾਂ ਨੂੰ ਟ੍ਰੇਨਿੰਗ ਦੇ ਦਿੱਤੀ ਗਈ ਹੈ।   ਜੇ ਤੁਸੀਂ ਸਵਾਲਨਾਮੇ ਬਾਰੇ ਕੁਝ ਪੁਛਣਾ ਚਾਹੋ ਤਾਂ ਵੈਨਕੂਵਰ ਵਿਚ ਤੁਸੀਂ HELP ਵਿਖੇ ਮਿਲਨੀ ਹਿਨਜ਼ (Melanie Hientz), EDI ਇੰਪਲੀਮੈਂਟ ਲੀਡ ਨਾਲ ਈਮੇਲ ਰਾਹੀਂ melanie.hientz@ubc.ca ‘ਤੇ ਜਾਂ ਫੋਨ ਰਾਹੀਂ 604-827-3512 ‘ਤੇ ਸੰਪਰਕ ਕਰੋ। ਸਾਨੂੰ ਇਸ ਅਧਿਐਨ ਨਾਲ ਜੁੜੇ ਕਿਸੇ ਜੋਖਮ ਦਾ ਪਤਾ ਨਹੀਂ ਹੈ।

ਜੇ ਤੁਸੀਂ ਆਪਣੇ ਬੱਚੇ ਦਾ ਨਾਂ ਹਿੱਸਾ ਲੈਣ ਵਾਲੇ ਬੱਚਿਆਂ ਦੀ ਸੂਚੀ ਵਿਚੋਂ ਹਟਵਾਉਣਾ ਚਾਹੁੰਦੇ ਹੋ ਤਾਂ ਇਸ ਚਿੱਠੀ ਦੇ ਮਿਲਣ ਦੇ 4 ਹਫਤਿਆਂ ਦੇ ਅੰਦਰ ਆਪਣੇ ਬੱਚੇ ਦੇ ਟੀਚਰ ਨੂੰ ਸੰਪਰਕ ਕਰੋ।

ਈ.ਡੀ.ਆਈ. ਡੇਟਾ ਦੇ ਸੰਗ੍ਰਹਿ, ਵਰਤੋਂ, ਸੰਭਾਲ ਅਤੇ ਪਰਗਟ ਕਰਨ ਦੇ ਸਾਰੇ ਪੜਾਵਾਂ ਵਿਚ ਐੱਚ.ਈ.ਐੱਲ.ਪੀ. ਦੇ ਗੁਪਤਤਾ ਪੇਸ਼ੇਵਰ ਸ਼ਾਮਲ ਹਨ। ਐੱਚ.ਈ.ਐੱਲ.ਪੀ. ਇਹ ਯਕੀਨੀ ਬਣਾਉਂਦੇ ਹਨ ਕਿ ਉਹਨਾਂ ਦੇ ਸਾਰੇ ਅਮਲ ਅਤੇ ਨੀਤੀਆਂ *FIPPA* ਵਲੋਂ ਪਰਦੇ ਅਤੇ ਗੁਪਤਤਾ ਦੀ ਸੁਰੱਖਿਆ

IA

ਲਈ ਨਿਰਧਾਰਤ ਮਾਪਦੰਡਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ, ਜਿਨ੍ਹਾਂ ਵਿਚ ਮਨਜ਼ੂਰਸ਼ੁਦਾ ਸ਼ੋਧ ਸਮਝੌਤੇ ਅੰਤਰਗਤ ਈ.ਡੀ.ਆਈ. ਡੇਟਾ ਪ੍ਰਾਪਤ ਕਰਨ ਵਾਲੇ ਸ਼ੋਧਕਰਤਾਵਾਂ ਦੁਆਰਾ, ਅਤੇ ਡੇਟਾ ਸਾਂਝੇ ਕਰਨ ਦੇ ਸਮਝੌਤੇ ਅੰਤਰਗਤ ਈ.ਡੀ.ਆਈ. ਡੇਟਾ ਪ੍ਰਾਪਤ ਕਰਨ ਵਾਲੀਆਂ ਮਿਨਿਸਟ੍ਰੀਆਂ ਦੁਆਰਾ ਇਹਨਾਂ ਮਾਪਦੰਡਾਂ ਦੀ ਪਾਲਣਾ ਦੀ ਨਿਗਰਾਨੀ ਵੀ ਸ਼ਾਮਲ ਹੈ। ਦੂਜੇ ਸ਼ਬਦਾਂ ਵਿਚ, ਇਹ ਸੁਨਿਸ਼ਚਤ ਕਰਨ ਲਈ ਕਿ ਤੁਹਾਡੇ ਬੱਚੇ ਬਾਰੇ ਜਾਣਕਾਰੀ ਦੂਜਿਆਂ ਨੂੰ ਪਤਾ ਨਾ ਚਲੇ, ਐੱਚ.ਈ.ਐੱਲ.ਪੀ. ਸਾਰੇ ਮੁਮਕਿਨ ਸਾਧਨਾਂ ਦੀ ਵਰਤੋਂ ਕਰਦੇ ਹਨ।

ਜੇ ਕਿਸੇ ਵੀ ਸਮੇਂ ਜੇ ਤੁਹਾਨੂੰ ਆਪਣੇ ਇਲਾਜ ਬਾਰੇ ਜਾਂ ਇਸ ਪ੍ਰੋਜੈਕਟ ਵਿਚ ਹਿੱਸਾ ਲੈਣ ਵਾਲੇ ਇੱਕ ਵਿਅਕਤੀ ਵਜੋਂ ਹੱਕਾਂ ਬਾਰੇ ਕੋਈ ਚਿੰਤਾ ਹੋਵੇ ਤਾਂ ਤੁਸੀਂ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਯੂ.ਬੀ.ਸੀ. ਆਫਿਸ ਆਫ ਰਿਸਰਚ ਸਰਵਿਸਿਜ਼ ਵਿਚ ਰਿਸਰਚ ਸਬਜੈਕਟ ਇਨਫਾਰਮੇਸ਼ਨ ਲਾਈਨ ਨੂੰ 604-822-8598 ਨੰਬਰ ਤੇ ਫੋਨ ਕਰ ਸਕਦੇ ਹੋ। ਆਪਣੇ ਬੱਚੇ ਦੇ ਡੇਟਾ ਦੀ ਗੁਪਤਤਾ ਬਾਰੇ ਸਮੱਸਿਆਵਾਂ ਲਈ ਤੁਸੀਂ ਐੱਚ.ਈ.ਐੱਲ.ਪੀ. ਦੇ ਪ੍ਰਾਈਵੇਸੀ ਅਫਸਰ ਨੂੰ ਇੱਥੇ ਸੰਪਰਕ ਕਰੋ: privacy@help.ubc.ca.

ਜੇ ਇਸ ਪ੍ਰੋਜੈਕਟ ਦੇ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਜਾਂ ਚਿੰਤਾਵਾਂ ਹੋਣ ਤਾਂ ਤੁਸੀ ਕਿਸੇ ਵੀ ਐੱਚ.ਈ.ਐੱਲ.ਪੀ. ਸ਼ੋਧਕਰਤਾ ਨੂੰ ਉੱਪਰ ਦਿੱਤੇ ਨੰਬਰਾਂ ਤੇ ਫੋਨ ਕਰ ਸਕਦੇ ਹੋ ਜਾਂ ਇਸ ਪਤੇ ਤੇ ਈਮੈਲ ਭੇਜ ਸਕਦੇ ਹੋ: melanie.hientz@ubc.ca

> ਇਸ ਵਿਚ ਹਿੱਸਾ ਲੈਣਾ ਤੁਹਾਡੀ ਆਪਣੀ ਮਰਜ਼ੀ ਤੇ ਨਿਰਭਰ ਕਰਦਾ ਹੈ ਅਤੇ ਹਿੱਸਾ ਲੈਣ ਲਈ ਇਹ ਫਾਰਮ ਵਾਪਸ ਭੇਜਣ ਦੀ ਲੋੜ ਨਹੀਂ ਹੈ। ਹਿੱਸਾ ਲੈਣ ਨਾਲ ਸਕੂਲ ਡਿਸਟ੍ਰਿਕਟ ਵਲੋਂ ਤੁਹਾਨੂੰ ਮਿਲਣ ਵਾਲੀ ਕਿਸੇ ਵੀ ਸੇਵਾ ਉੱਪਰ ਅਸਰ ਨਹੀਂ ਪਵੇਗਾ। ਤੁਹਾਨੂੰ ਕਿਸੇ ਵੀ ਸਮੇਂ ਅਧਿਐਨ ਛੱਡਣ ਦਾ ਹੱਕ ਹੈ ਅਤੇ ਇਹ ਆਖਣ ਦਾ ਹੱਕ ਹੈ ਕਿ ਤੁਹਾਡੇ ਬੱਚੇ ਦੀ ਟੀਚਰ ਕਿਸੇ ਵੀ ਸਵਾਲ ਦਾ ਜਵਾਬ ਨਾ ਦੇਵੇ।

## ਕਿਹੜਾ ਡੇਟਾ ਇਕੱਠਾ ਕੀਤਾ ਜਾਂਦਾ ਹੈ?

ਈ.ਡੀ.ਆਈ. ਵਿਕਾਸ ਦੇ ਪੰਜ ਖੇਤਰਾਂ ਬਾਰੇ ਸਵਾਲ ਪੁੱਛਦਾ ਹੈ: 1) ਸਰੀਰਕ ਸਿਹਤ ਅਤੇ ਸਲਾਮਤੀ; 2) ਸਮਾਜਕ ਗਿਆਨ ਅਤੇ ਯੋਗਤਾ; 3) ਭਾਵਾਤਮਕ ਸੁਆਸਥ ਅਤੇ ਸਿਆਣਪ; 4) ਭਾਸ਼ਾ ਅਤੇ ਬੋਧਾਤਮਕ ਵਿਕਾਸ; ਅਤੇ 5) ਸਧਾਰਨ ਗਿਆਨ ਅਤੇ ਗੱਲਬਾਤ ਵਿਚ ਨਿਪੁੰਨਤਾ। ਸਕੂਲ ਐੱਚ.ਈ.ਐੱਲ.ਪੀ. ਨੂੰ ਤੁਹਾਡੇ ਬੱਚੇ ਦੀ ਵਿਅਕਤਕ ਸਿੱਖਿਆ ਸੰਖਿਆ (PEN) ਵੀ ਦੱਸੇਗਾ, ਜਿਸਦੀ ਵਰਤੋਂ ਮਾਨਤਾ-ਪ੍ਰਾਪਤ ਸ਼ੋਧ ਜਾਂ ਪ੍ਰੋਗਰਾਮ ਮੁਲਾਂਕਣ ਲਈ ਕੀਤੀ ਜਾਵੇਗੀ। ਸਕੂਲ ਤੁਹਾਡੇ ਬੱਚੇ ਦੇ ਨਾਂ ਦੀ ਵਰਤੋਂ ਈ.ਡੀ.ਆਈ. ਇਕੱਠਾ ਕਰਨ ਦੇ ਪ੍ਰਬੰਧ ਲਈ ਕਰੇਗਾ ਪਰ ਇਹ ਨਾਂ ਐੱਚ.ਈ.ਐੱਲ.ਪੀ. ਨੂੰ ਸ਼ੋਧ ਦੇ ਕੰਮਾਂ ਲਈ ਨਹੀਂ ਦੱਸਿਆ ਜਾਵੇਗਾ। ਤੁਹਾਡੇ ਬੱਚੇ ਦਾ ਨਾਂ ਈ.ਡੀ.ਆਈ. ਸਵਾਲਨਾਮੇ ਉੱਪਰ **ਨਹੀਂ** ਹੋਵੇਗਾ।।

## ਈ.ਡੀ.ਆਈ. ਕਿੰਜ ਭਰਿਆ ਜਾਂਦਾ ਹੈ?

ਸਕੂਲ ਡਿਸਟ੍ਰਿੱਕਟ 'ਚ ਕਿੰਡਰਗਾਰਟਨ ਦੇ ਸਿੱਖਿਅਕ ਆਪਣੀ ਕਲਾਸ ਦੇ ਹਰ ਬੱਚੇ ਲਈ ਈ.ਡੀ.ਆਈ. ਸਵਾਲਨਾਮਾ ਭਰਨਗੇ; ਵਿਦਿਆਰਥੀਆਂ ਤੋਂ ਕੋਈ ਸਵਾਲ ਨਹੀਂ ਪੁੱਛੇ ਜਾਣਗੇ ਅਤੇ ਸਿੱਧੇ ਤੌਰ 'ਤੇ ਉਨ੍ਹਾਂ ਦੀ ਸ਼ਮੂਲੀਅਤ ਨਹੀਂ ਹੋਵੇਗੀ। ਫ਼ਿਰ ਡੇਟਾ ਦੇ ਇੰਦਰਾਜ, ਸੁਰੱਖਿਅਤ ਸੰਗ੍ਰਹਿ, ਅਤੇ ਵਿਸ਼ਲੇਸ਼ਣ ਲਈ ਸਵਾਲਨਾਮੇ ਯੂ.ਬੀ.ਸੀ. ਨੂੰ ਭੇਜੇ ਜਾਣਗੇ। ਈ.ਡੀ.ਆਈ. 'ਚ ਕਦੇ ਵੀ ਵਿਦਿਆਰਥੀਆਂ ਦੇ ਨਾਂ ਇਕੱਠੇ ਨਹੀਂ ਕੀਤੇ ਜਾਂਦੇ। ਵਿਦਿਆਰਥੀਆਂ ਦੇ ਸੰਪੂਰਨ ਡੇਟਾ ਦਾ ਸੁਰੱਖਿਅਤ ਪ੍ਰਬੰਧਨ ਯਕੀਨੀ ਕਰਨ ਲਈ ਸਕੂਲ ਡਿਸਟ੍ਰਿੱਕਟ ਸਿੱਧੇ ਤੌਰ 'ਤੇ ਇਹ ਕੰਮ ਕਿੰਡਰਗਾਰਟਨ ਦੇ ਸਿੱਖਿਅਕਾਂ ਅਤੇ ਐੱਚ.ਈ.ਐੱਲ.ਪੀ. ਦੇ ਪ੍ਰੋਜੈਕਟ ਪ੍ਰਬੰਧਕ ਨੂੰ ਸੌਂਪਦੀ ਹੈ। ਐੱਚ.ਈ.ਐੱਲ.ਪੀ. ਦਾ ਪ੍ਰਾਈਵੇਸੀ ਅਫਸਰ ਇਹ ਯਕੀਨੀ ਬਣਾਉਂਦਾ ਹੈ ਕਿ ਡੇਟਾ ਇਕੱਠਾ ਕਰਨ ਦਾ ਕੰਮ ਬ੍ਰਿਟਿਸ਼ ਕੋਲੰਬੀਆ ਦੇ ਲਾਗੂ ਪ੍ਰਾਈਵੇਸੀ ਕਾਨੂੰਨਾਂ ਮੁਤਾਬਕ ਹੋਵੇ।

## ਡੇਟਾ ਦੀ ਜਾਣਕਾਰੀ ਕਿੰਜ ਦਿੱਤੀ ਜਾਂਦੀ ਹੈ?

ਈ.ਡੀ.ਆਈ. ਅਬਾਦੀ ਦੀ ਸਿਹਤ ਦਾ ਇੱਕ ਪੈਮਾਨਾ ਹੈ। ਇਸਦੇ ਨਤੀਜਿਆਂ ਦੀ ਜਾਣਕਾਰੀ ਸਿਰਫ ਸਮੂਹਕ ਪੱਧਰ (ਇਲਾਕਾ, ਸਕੂਲ ਡਿਸਟ੍ਰਿੱਕਟ ਜਾਂ ਸਕੂਲ) 'ਤੇ ਦਿੱਤੀ ਜਾਂਦੀ ਹੈ। ਸਾਡੇ ਸਲਾਨਾ ਰਿਪੋਰਟਿੰਗ ਦੌਰ 'ਚ, ਐੱਚ.ਈ.ਐੱਲ.ਪੀ. ਹਰ ਸਕੂਲ ਡਿਸਟ੍ਰਿੱਕਟ ਨੂੰ ਹਰ ਸਕੂਲ ਲਈ ਈ.ਡੀ.ਆਈ. ਦੇ ਨਤੀਜਿਆਂ ਦੀ ਰਿਪੋਰਟ ਮੁਹੱਈਆ ਕਰਦੀ ਹੈ। ਗੁਪਤਤਾ ਦੇ ਕਾਰਨਾਂ ਵਜੋਂ, ਕਿਸੇ ਸਕੂਲ 'ਚ ਪੰਜ ਤੋਂ ਘੱਟ ਵਿਦਿਆਰਥੀ ਹੋਣ 'ਤੇ ਐੱਚ.ਈ.ਐੱਲ.ਪੀ. ਨਤੀਜੇ ਵਾਪਸ ਨਹੀਂ ਕਰਦੀ। ਐੱਚ.ਈ.ਐੱਲ.ਪੀ. ਦੇ ਸ਼ੋਧਕਰਤਾ ਵੀ ਜਨਤਕ ਨਕਸ਼ਿਆਂ ਦੀ ਰਚਨਾ ਅਤੇ ਨਿਰਮਾਣ ਕਰਦੇ ਹਨ ਅਤੇ ਸਮੁਦਾਯ ਲਈ ਨਤੀਜਿਆਂ ਦਾ ਲਿਖਤੀ ਸਾਰਾਂਸ਼ ਪੇਸ਼ ਕਰਦੇ ਹਨ। ਇਹ ਜਾਣਕਾਰੀ ਐੱਚ.ਈ.ਐੱਲ.ਪੀ. ਦੀ ਵੈੱਬਸਾਈਟ 'ਤੇ ਲਗਾਈ ਜਾਂਦੀ ਹੈ। ਹਮੇਸ਼ਾ ਵਾਂਗ, ਵਿਦਿਆਰਥੀ ਦੀ ਪਛਾਣ ਸਬੰਧੀ ਜਾਣਕਾਰੀ ਕਿਸੇ ਵੀ ਤਰ੍ਹਾਂ ਸ਼ੋਧ ਦੀਆਂ ਖੋਜਾਂ ਨਾਲ ਨਹੀਂ ਜੋੜੀ ਜਾਂਦੀ. ਇਹਨਾਂ ਸਾਰਾਂਸ਼ਾਂ ਨੂੰ ਤਿਆਰ ਕਰਨ ਲਈ ਅਸੀਂ ਸਿਰਫ ਸਵਾਲਨਾਮੇ ਦੇ ਜਵਾਬਾਂ ਦੀ ਵਰਤੋਂ ਕਰਦੇ ਹਾਂ, ਨਾ ਕਿ ਵਿਅਕਤਕ ਸਿੱਖਿਆ ਸੰਖਿਆ (PEN) ਵਰਗੀਆਂ ਪਛਾਣ ਕਰਨ ਵਾਲੀਆਂ ਚੀਜ਼ਾਂ ਦੀ।।

ਸਾਡੀ ਅਬਓਰਿਜ਼ਨਲ ਕਮੇਟੀ ਦੀਆਂ ਸੇਧਾਂ ਮੁਤਾਬਕ, , HELP ਫਸਟ ਨੇਸ਼ਨ, ਮੇਟਿਜ਼ ਅਤੇ ਇਨੂਇਟ ਬੱਚਿਆਂ ਲਈ EDI ਡਾਟੇ ਦੇ ਸੰਬੰਧ OCAP® (ਮਲਕੀਅਤ, ਕੰਟਰੋਲ, ਪਹੁੰਚ ਅਤੇ ਅਧਿਕਾਰ) ਦੇ ਫ਼ਸਟ ਨੇਸ਼ਨ ਸਿਧਾਂਤਾਂ ਜਾਂ ਹੋਰ ਕਮਿਊਨਟੀਆਂ ਦੇ ਜਾਤੀ ਕੋਡਾਂ ਨੂੰ ਸਨਮਾਨ ਦਿੰਦੀ ਹੈ। ਇਸ ਦਾ ਭਾਵ ਹੈ ਕਿ ਅਬਓਰਿਜ਼ਨਲ ਨੇਸ਼ਨਜ਼ ਅਤੇ ਸੰਗਠਨਾਂ ਨੂੰ ਅਬਓਰਿਜ਼ਨਲ ਸਵੈ-ਪਛਾਣ ਅਤੇ ਜਾਣਕਾਰੀ ਪ੍ਰੋਗਰਾਮਾਂ ਅਤੇ ਨੀਤੀਆਂ ਘੜਨ ਵਾਸਤੇ ਸਹਿਯੋਗ ਲਈ ਇਸ ਖੇਤਰ ‘ਚ ਫਸਟ ਨੇਸ਼ਨ, ਮੇਟਿਜ਼ ਅਤੇ ਇਨੂਇਟ ਬੱਚਿਆਂ ਦੇ ਗਰੁੱਪ ਪੱਧਰੀ ਡਾਟੇ ਲਈ ਪਹੁੰਚ ਰਹਿੰਦੀ ਹੈ। ਇਸ ਵਚਨਬੱਧਤਾ ਦੇ ਹਿੱਸੇ ਵਜੋਂ, HELP ਕਦੇ ਵੀ ਅਬਓਰਿਜ਼ਨਲ EDI ਡਾਟੇ ਬਾਰੇ ਕਦੇ ਵੀ ਆਮ ਲੋਕਾਂ ‘ਚ ਜਾਣਕਾਰੀ ਨਹੀਂ ਦਿੰਦੀ ਜਾਂ ਹੋਰ ਡਾਟੇ ਨਾਲ ਤੁਲਨਾ ਕਰਨ ਲਈ ਇਸ ਡਾਟੇ ਦੀ ਵਰਤੋਂ ਨਹੀਂ ਕਰਦੀ ਹੈ। HELP ਨੇ ਫਸਟ ਨੇਸ਼ਨ, ਮੇਟਿਜ਼ ਅਤੇ ਇਨੂਇਟ ਬੱਚਿਆਂ ਲਈ EDI ਡਾਟਾ ਸਾਂਝਾ ਕਰਨ ਲਈ ਸਪਸ਼ਟ ਢੰਗ ਤਿਆਰ ਕੀਤਾ ਹੈ। ਹੋਰ ਜਾਣਕਾਰੀ ਲਈ ਕਿਬਰਲੇ ਬਾਇਰ, HELP ਅਬਓਰਿਜ਼ਨਲ ਕਮਿਊਨਟੀ ਲਾਇਸਨ ਕੋਆਰਡੀਨੇਟਰ, ਨਾਲ aboriginal.liaison@help.ubc.ca ‘ਤੇ ਸੰਪਰਕ ਕਰੋ।

## ਸਕੂਲ ਡਿਸਟ੍ਰਿੱਕਟ ਅਤੇ ਤੁਹਾਡੇ ਸਮੁਦਾਯ ਨੂੰ ਕਿੰਜ ਫਾਇਦਾ ਹੋਵੇਗਾ?

ਰਿਪੋਰਟ ਪ੍ਰਾਪਤ ਕਰਨ ਤੋਂ ਇਲਾਵਾ, ਸਕੂਲ ਡਿਸਟ੍ਰਿੱਕਟਸ ਅਤੇ ਸਮੁਦਾਇਆਂ ਨੂੰ ਸ਼ੋਧ ਤੋਂ ਕਈ ਤਰੀਕਿਆਂ 'ਚ ਫਾਇਦਾ ਹੋਵੇਗਾ। ਉਦਾਹਰਨ ਲਈ, ਸ਼ੋਧ ਇਹ ਦਰਸ਼ਾਉਣ 'ਚ ਮਦਦਗਾਰ ਹੋਵੇਗਾ ਕਿ ਕਿਹੜੇ ਇਲਾਕਿਆਂ 'ਚ ਸਿਹਤਮੰਦ ਅਤੇ ਸਕੂਲ 'ਚ ਦਾਖਲੇ ਲਈ ਤਿਆਰ ਬੱਚਿਆਂ ਦੀ ਸੰਖਿਆ 'ਚ ਵੱਡਾ ਅੰਤਰ ਹੈ; ਕਿਹੜੇ ਇਲਾਕਿਆਂ 'ਚ ਸਭ ਸਮੁਦਾਇਆਂ, ਖੇਤਰਾਂ, ਅਤੇ ਪਰਾਂਤ 'ਚ ਸਕੂਲ 'ਚ ਦਾਖਲੇ ਲਈ ਤਿਆਰ ਬੱਚਿਆਂ ਦੇ ਸਮੂਹ ਮੌਜੂਦ ਹਨ; ਅਤੇ ਸਮਾਜਕ ਅਤੇ ਆਰਥਕ ਕਾਰਕ ਬੱਚਿਆਂ ਦੇ ਸ਼ੁਰੂਆਤੀ ਵਿਕਾਸ ਨੂੰ

ਕਿੰਜ ਪਰਭਾਵਤ ਕਰ ਸਕਦੇ ਹਨ। ਇਸ ਪ੍ਰੌਜੈਕਟ ਤੋਂ ਪ੍ਰਾਪਤ ਜਾਣਕਾਰੀ, ਆਪਣੇ ਸਮੁਦਾਇਆਂ 'ਚ ਬੱਚਿਆਂ ਦੇ ਵੱਧਣ-ਫੁਲਣ ਲਈ ਮਦਦਗਾਰ ਮਾਹੌਲ ਬਣਾਉਣ 'ਚ ਸਕੂਲਾਂ, ਕਾਰਜਕ੍ਰਮਾਂ ਦੇ ਵਿਓਂਤਕਾਰਾਂ, ਅਤੇ ਸਮੁਦਾਯ ਦੇ ਸਦੱਸਾਂ ਲਈ ਸਹਾਇਕ ਹੋ ਸਕਦੀ ਹੈ।

## ਈ.ਡੀ.ਆਈ. ਡੇਟਾ ਕਿੰਜ ਵਰਤਿਆ ਅਤੇ ਰੱਖਿਆ ਜਾਵੇਗਾ?

ਹਰ ਵਿਦਿਆਰਥੀ ਦੀ ਈ.ਡੀ.ਆਈ. ਜਾਣਕਾਰੀ ਇੱਕ ਸੁਰੱਖਿਅਤ ਡੇਟਾਬੇਸ 'ਚ ਰੱਖੀ ਜਾਵੇਗੀ। ਵਿਅਕਤਕ ਪਛਾਣ ਸਬੰਧੀ ਡੇਟਾ, ਜਿਵੇਂ ਪੀ.ਈ.ਐੱਨ. ਸੰਖਿਆਵਾਂ, ਜਨਮਮਿਤੀ ਅਤੇ ਪੋਸਟਲ ਕੋਡ, ਦੀ ਲੋੜ ਸਿਰਫ ਡੇਟਾ ਦਾ ਸੁਮੇਲ ਕਰਨ ਲਈ ਹੁੰਦੀ ਹੈ ਜਿਸਦੀ ਰਿਪੋਰਟ ਸਿਰਫ ਨੇਬਰਹੁਡ ਜਾਂ ਗਰੁੱਪ ਪੱਧਰ ਤੇ ਹੁੰਦੀ ਹੈ। ਪਛਾਣ ਸਬੰਧੀ ਡੇਟਾ ਨੂੰ ਈ.ਡੀ.ਆਈ. ਡੇਟਾ ਤੋਂ ਅਲੱਗ ਰੱਖਿਆ ਜਾਂਦਾ ਹੈ ਤਾਂ ਜੋ ਤੁਹਾਡੇ ਬੱਚੇ ਨੂੰ ਉਸਦੇ ਵਿਅਕਤੀਗਤ ਜਵਾਬਾਂ ਨਾਲ ਨਾ ਜੋੜਿਆ ਜਾ ਸਕੇ। ਸਭ ਈ.ਡੀ.ਆਈ. ਸਵਾਲਨਾਮੇ ਐੱਚ.ਈ.ਐੱਲ.ਪੀ. 'ਚ ਰੱਖੇ ਜਾਂਦੇ ਹਨ। ਤੁਹਾਡੇ ਬੱਚੇ ਦੇ ਸਕੂਲ ਦੁਆਰਾ ਸਵਾਲਨਾਮੇ ਦੀ ਕਾਪੀ ਨਹੀਂ ਰੱਖੀ ਜਾਵੇਗੀ ਅਤੇ ਤੁਹਾਡੇ ਬੱਚੇ ਦੇ ਸਕੂਲੀ ਰਿਕਾਰਡ 'ਚ ਕੋਈ ਜਾਣਕਾਰੀ ਨਹੀਂ ਜੋੜੀ ਜਾਵੇਗੀ। ਕਿਉਂਕਿ ਇਸ ਅਧਿਐਨ ਦੇ ਨਤੀਜਿਆਂ ਦੀ ਜਾਣਕਾਰੀ ਸਿਰਫ ਸਮੂਹਕ ਪੱਧਰ 'ਤੇ ਦਿੱਤੀ ਜਾਵੇਗੀ, ਤੁਹਾਡੇ ਬੱਚੇ ਦਾ ਆਪਣਾ ਸਵਾਲਨਾਮਾ ਕਦੇ ਵੀ ਹੋਰ ਕਿਸੇ ਵੀ ਮਨੁੱਖ ਨੂੰ ਦਿੱਤਾ ਜਾਂ ਜਨਤੱਕ ਤੌਰ 'ਤੇ ਵਿਖਾਇਆ ਨਹੀਂ ਜਾਵੇਗਾ।

ਈ.ਡੀ.ਆਈ. ਡੇਟਾ ਨੂੰ ਐਚ.ਈ.ਐਲ.ਪੀ. *ਪਾਪੂਲੇਸ਼ਨ ਡੇਟਾ ਬੀ.ਸੀ.* ਦੇ ਨਾਲ, ਯੂ.ਬੀ.ਸੀ ਵਿਖੇ ਵੀ, ਸਾਂਝਾ ਕਰੇਗੀ। *ਪਾਪੂਲੇਸ਼ਨ ਡੇਟਾ ਬੀ.ਸੀ.* ਦਾ ਉਦੇਸ਼ ਨੇਕ ਨੀਤੀ ਅਤੇ ਜਨਤਕ ਹਿੱਤ ਵਾਲੀ ਘੋਖ ਲਈ ਡੇਟਾ ਉਪਲਬਧ ਕਰਾਉਣਾ ਹੈ ਪਰ ਇਸ ਦੇ ਨਾਲ ਹੀ ਉਦੇਸ਼ ਵਿਅਕਤੀ ਦੇ ਪਰਦੇ ਅਤੇ ਗੁਪਤਤਾ ਦੀ ਸੁਰੱਖਿਆ ਕਰਨਾ ਵੀ ਹੈ। *ਫ੍ਰੀਡਮ ਆਫ ਇਨਫਾੱਰਮੇਸ਼ਨ ਐੱਡ ਪ੍ਰੋਟੈੱਕਸ਼ਨ ਆਫ ਪ੍ਰਿਵਸੀ ਐੱਕਟ* ਦੇ ਅੰਤਰਗਤ ਘੋਖ ਦੇ ਉਦੇਸ਼ਾਂ ਲਈ ਡੇਟਾ ਤਕ ਪਹੁੰਚ ਦੀ ਪ੍ਰਵਾਨਗੀ ਐਚ.ਈ.ਐਲ.ਪੀ. ਅਤੇ *ਡੇਟਾ ਸਟੂਅਰਡ, ਜੋ* ਈ.ਡੀ.ਆਈ. ਡੇਟਾ ਲਈ ਜ਼ਿੰਮੇਵਾਰ ਹੈ, ਦੁਆਰਾ ਦਿੱਤੀ ਜਾਵੇਗੀ। ਘੋਖ ਦੀ ਹਰ ਅਰਜ਼ੀ ਦਾ ਮੁਲਾਂਕਣ ਉਸਦੇ ਆਪਣੇ ਗੁਣਾਂ ਦੇ ਆਧਾਰ ਤੇ ਕੀਤਾ ਜਾਵੇਗਾ ਅਤੇ ਡੇਟਾ ਦੀ ਵਰਤੋਂ ਨਿਰੰਤਰ ਉਹਨਾਂ ਉਦੇਸ਼ਾਂ ਲਈ, ਜਿਨ੍ਹਾਂ ਲਈ ਉਸਨੂੰ ਇਕੱਠਾ ਕੀਤਾ ਗਿਆ ਸੀ, ਜਾਂ ਐਫ.ਆਈ.ਪੀ.ਏ.ਏ. ਦੀ ਪਾਲਣਾ ਲਈ, ਕੀਤੀ ਜਾਵੇਗੀ।

ਅਸੀਂ ਈ.ਡੀ.ਆਈ. ਡੈਟਾ ਨੂੰ ਮਿਨਿਸਟ੍ਰੀ ਆਫ ਐਜੂਕੇਸ਼ਨ, ਮਿਨਿਸਟ੍ਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ, ਅਤੇ ਮਿਨਿਸਟ੍ਰੀ ਆਫ ਹੈਲਥ ਨੂੰ ਪ੍ਰੋਗਰਾਮ ਮੁਲਾਂਕਣ ਅਤੇ ਨੀਤੀ ਦੇ ਵਿਕਾਸ ਦੇ ਮਕਸਦਾਂ ਵਾਸਤੇ ਗਰੁੱਪ ਪੱਧਰ 'ਤੇ ਵੀ ਦੱਸਦੇ ਹਾਂ। ਇਹ ਮਿਨਿਸਟ੍ਰੀਆਂ ਤੁਹਾਡੇ ਬੱਚੇ ਬਾਰੇ ਵਿਅਕਤੀਗਤ-ਪੱਧਰ ਦੇ ਫੈਸਲੇ ਕਰਨ ਵਾਸਤੇ ਕਦੇ ਵੀ ਡੈਟਾ ਦੀ ਵਰਤੋਂ ਨਹੀਂ ਕਰਨਗੀਆਂ।

ਐੱਚ.ਈ.ਐੱਲ.ਪੀ. **(HELP)** ਅਤੇ ਸਕੂਲੀ ਜਿਲ੍ਹੇ ਆਪਣੇ ਸਮੁੱਚੇ ਜੀਵਨ-ਕਾਲ ਦੌਰਾਨ ਈ.ਡੀ.ਆਈ. ਡੈਟੇ ਦੇ ਸਾਂਝੇ-ਸਹਾਇਕ ਬਣੇ ਰਹਿੰਦੇ ਹਨ।

ਮਿਨਿਸਟ੍ਰੀਜ਼ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ, ਹੈਲਥ ਐਂਡ ਐਜੂਕੇਸ਼ਨ ਪ੍ਰੋਗਰਾਮ ਦੇ ਮੁਲਾਂਕਣ ਅਤੇ ਨੀਤੀ ਦੇ ਵਿਕਾਸ ਵਾਸਤੇ ਈ.ਡੀ.ਆਈ. ਡੇਟਾ ਦੀ ਵਰਤੋਂ ਕਰਨਗੀਆਂ। ਉਹ ਕਿਸੇ ਬੱਚੇ ਦੀ ਵਿਅਕਤੀਗਤ ਪਛਾਣ ਕਰਨ ਲਈ ਕਦੇ ਵੀ ਡੈਟਾ ਦੀ ਵਰਤੋਂ ਨਹੀਂ ਕਰਨਗੀਆਂ।

## ਡੇਟਾ ਦੇ ਸ੍ਰੋਤ ਪਾਪੂਲੇਸ਼ਨ ਡੈਟਾ ਬੀ.ਸੀ. ਦੀ ਜਾਣਕਾਰੀ ਨਾਲ ਕਿਉਂ ਜੋੜੇ ਜਾ ਰਹੇ ਹਨ?

ਬੱਚੇ ਦੇ ਵਿਕਾਸ ਨੂੰ ਪਰਭਾਵਤ ਕਰਨ ਵਾਲੇ ਕਾਰਕਾਂ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ ਐੱਚ.ਈ.ਐੱਲ.ਪੀ. ਦੇ ਸ਼ੋਧ ਕਰਤਾ ਡੇਟਾ ਨੂੰ ਦੂਜੇ ਡੇਟਾ ਸਰੋਤਾਂ ਨਾਲ ਜੋੜ ਸਕਦੇ ਹਨ। ਦੂਜੇ ਡੇਟਾ ਸਰੋਤਾਂ 'ਚ ਸਿੱਖਿਆ ਅਤੇ ਸਿਹਤ ਸਬੰਧੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਸਬੰਧਤ ਡੇਟਾ ਦੀ ਵਰਤੋਂ ਸਿਰਫ ਸ਼ੋਧ ਜਾਂ ਸਾਂਖਿਅਕੀ ਉਦੇਸ਼ਾਂ ਲਈ, ਸਿਰਫ ਐੱਚ.ਈ.ਐੱਲ.ਪੀ. ਪ੍ਰਵਾਨਤ ਸ਼ੋਧ ਕਰਤਾਵਾਂ ਦੁਆਰਾ ਅਤੇ ਸਿਰਫ ਪ੍ਰਵਾਨਤ ਸ਼ੋਧ ਸਮਝੌਤੇ ਅੰਤਰਗਤ ਕੀਤੀ ਜਾ ਸਕਦੀ ਹੈ।

## ਮੈਨੂੰ ਇਸ ਅਧਿਐਨ ਬਾਰੇ ਵਧੇਰੀ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਕਿਰਪਾ ਕਰਕੇ www.earlylearning.ubc.ca/ediparent. 'ਤੇ ਐੱਚ.ਈ.ਐੱਲ.ਪੀ. ਦੀ ਵੈੱਬਸਾਈਟ ਵੇਖੋ। ਜੇਕਰ ਇਸ ਪ੍ਰੌਜੈਕਟ ਅਤੇ ਜਾਣਕਾਰੀ ਇਕੱਠੀ ਅਤੇ ਪਰਗਟ ਕਰਨ ਬਾਰੇ ਤੁਹਾਡੇ ਕੋਈ ਸਵਾਲ ਹੋਣ, ਤਾਂ ਕਿਰਪਾ ਕਰਕੇ ਮਿਲਨੀ ਹਿਨਜ਼, EDI ਇੰਪਲੀਮੈਂਟ ਲੀਡ ਨਾਲ melanie.hientz@ubc.ca 'ਤੇ ਸੰਪਰਕ ਕਰੋ।

ਤੁਹਾਡਾ ਸੁਹਿਰਦ,

ਪ੍ਰੋਫੈਸਰ ਕਿਮ ਸ਼ੋਨਰਟ-ਰੇਚਲ, ਪੀ ਐੱਚ. ਡੀ.
ਡਾਇਰੈਕਟਰ, ਹਿਊਮਨ ਅਰਲੀ ਲਰਨਿੰਗ ਪਾਰਟਨਰਸ਼ਿਪ
ਟੈਲੀਫੋਨ: 604-822-1879
ਈਮੇਲ: kimberly.schonert-reichl@ubc.ca

[Name], School District EDI Contact
[Title within School District]
Telephone:
Email: ---